RRC Group D Question Paper for Exam Held on 23 Nov 2014 in Punjabi

SECTION IV
PUNJABI VERSION

(In case of any translation related ambiguity in question, English Version will hold good)

1. ਇੱਕ ਸੈਨਾ ਕੋਡ ਅਨੁਸਾਰ 'SYSTEM' ਦਾ ਕੋਡ 'SYSMET' ਹੈ ਅਤੇ 'NEARER' ਦਾ ਕੋਡ 'AENRER' ਹੈ ਤਾਂ 'FRACTION' ਦਾ ਕੋਡ ਕੀ ਹੋਵੇਗਾ ?
   (A) CARFTION
   (B) FRACNOIT
   (C) CARFNOIT
   (D) ARFCNOIT

2. ਗੰਗਾ ਦਾ ਸਰੋਤ ਕਿਸ ਨੂੰ ਮੰਨਿਆ ਜਾਂਦਾ ਹੈ ?
   (A) ਗੰਗੋਤਰੀ
   (B) ਗੋਮੁੱਖ
   (C) ਕੈਲਾਸ਼ ਪਰਬਤ
   (D) ਮਾਨਸਰੋਵਰ

3. ਕਿਹੜੇ ਭਾਰਤੀ ਕ੍ਰਿਕੇਟ ਖਿਡਾਰੀ ਦਾ ਉਪਨਾਮ 'ਟਾਈਗਰ' ਹੈ ?
   (A) ਪਟੌਦੀ
   (B) ਕਪਿਲ ਦੇਵ
   (C) ਗਵਾਸਕਰ
   (D) ਧੋਨੀ

4. .... ਨਾਲ ਸਬੰਧਤ ਬੀਮਾਰੀ ਜਾਣਨ ਲਈ ਈ.ਸੀ.ਜੀ. ਕੀਤੀ ਜਾਂਦੀ ਹੈ ।
   (A) ਗੁਰਦੇ
   (B) ਦਿਲ
   (C) ਦਿਮਾਗ
   (D) ਖ਼ੂਨ

5. ਇਹ ਕਿਸ ਨੇ ਕਿਹਾ ਸੀ, "ਜੈ ਜਵਾਨ ਜੈ ਕਿਸਾਨ"?
   (A) ਭਗਤ ਸਿੰਘ
   (B) ਚੰਦਰ ਸ਼ੇਖਰ ਆਜ਼ਾਦ
   (C) ਲਾਲ ਬਹਾਦਰ ਸ਼ਾਸਤਰੀ
   (D) ਚਰਨ ਸਿੰਘ

6. 'ਪੁਲੀਕਟ ਝੀਲ' ਕਿਸ ਰਾਜ ਵਿੱਚ ਸਥਿਤ ਹੈ ?
   (A) ਤਾਮਿਲਨਾਡੂ
   (B) ਆਂਧਰਾ ਪ੍ਰਦੇਸ਼
   (C) ਬਿਹਾਰ
   (D) ਕੇਰਲ

7. "ਇੰਡੀਆ ਵਿਨਜ਼ ਫਰੀਡਮ" ਦੇ ਲੇਖਕ ਕੌਣ ਹਨ ?
   (A) ਅਬੁਲ ਕਲਾਮ ਅਜ਼ਾਦ
   (B) ਜਵਾਹਰ ਲਾਲ ਨੇਹਰੂ
   (C) ਐਨ. ਸੀ. ਚੌਧਰੀ
   (D) ਬੀ. ਐੱਮ. ਕੋਲ

8. ਆਕਲੈਂਡ ਕਿੱਥੇ ਹੈ ?

(A) ਆਸਟਰੇਲੀਆ ਵਿੱਚ
(B) ਨਿਊਜ਼ੀਲੈਂਡ ਵਿੱਚ
(C) ਕੈਨੇਡਾ ਵਿੱਚ
(D) ਆਇਰਲੈਂਡ ਵਿੱਚ

9. ਇੰਫਾਲ .... ਦੀ ਰਾਜਧਾਨੀ ਹੈ ।

(A) ਮਣੀਪੁਰ
(B) ਮੇਘਾਲਿਆ
(C) ਤ੍ਰਿਪੁਰਾ
(D) ਅੰਡੇਮਾਨ ਨਿਕੋਬਾਰ

10. "ਚੰਦਰਮਾ" ____________ ਦਾ ਉਪ ਗ੍ਰਹਿ ਹੈ ?

(A) ਸੂਰਜ
(B) ਮੰਗਲ (Mars)
(C) ਬ੍ਰਹਸਪਤੀ (Jupiter)
(D) ਪ੍ਰਿਥਵੀ

11. ਭਾਰਤ ਦੀ ਪਹਿਲੀ ਇਸਤਰੀ ਪ੍ਰਧਾਨ ਮੰਤਰੀ ਕੌਣ ਸੀ ?

(A) ਸ੍ਰੀਮਤੀ ਇੰਦਰਾ ਗਾਂਧੀ
(B) ਸ੍ਰੀਮਤੀ ਪੀ.ਡੀ.ਐੱਸ. ਪਾਟਿਲ
(C) ਸ੍ਰੀਮਤੀ ਮੀਨਾ ਕੁਮਾਰੀ
(D) ਸ੍ਰੀਮਤੀ ਸੁਚੇਤਾ ਕ੍ਰਿਪਲਾਨੀ

12. 12, 36, 6 ਅਤੇ 9 ਦਾ ਐਲ.ਸੀ.ਐਮ. ਪਤਾ ਕਰੋ ?

(A) 144
(B) 108
(C) 72
(D) 36

13. ਦਿੱਲੀ ਵਿੱਚ ਉਸ ਜਗ੍ਹਾ ਦਾ ਕੀ ਨਾਂ ਹੈ ਜਿੱਥੇ ਸ੍ਰੀਮਤੀ ਇੰਦਰਾ ਗਾਂਧੀ ਦਾ ਅੰਤਮ ਸੰਸਕਾ ਹੋਇਆ ਸੀ ?

(A) ਵਿਜੈਘਾਟ
(B) ਰਾਜਘਾਟ
(C) ਸ਼ਕਤੀ ਸਥਲ
(D) ਸ਼ਾਂਤੀ ਵਨ

14. ਇੱਕ ਗੱਡੀ ਦੀ ਰਫਤਾਰ ਨਾਪਣ ਲਈ ਕਿਹੜਾ ਯੰਤਰ ਵਰਤਿਆ ਜਾਂਦਾ ਹੈ ?

(A) ਥਰਮਾਮੀਟਰ
(B) ਬੈਰੋਮੀਟਰ
(C) ਸਪੀਡੋਮੀਟਰ
(D) ਓਸਿਲੋਸਕੋਪ

15. ਰਾਜਸਾਂਸੀ ਅੰਤਰ-ਰਾਸ਼ਟਰੀ ਹਵਾਈ ਅੱਡਾ ਕਿਹੜੇ ਸ਼ਹਿਰ ਵਿੱਚ ਸਥਿਤ ਹੈ ?

(A) ਨਵੀਂ ਦਿੱਲੀ
(B) ਜਲੰਧਰ
(C) ਅੰਮ੍ਰਿਤਸਰ
(D) ਚੰਡੀਗੜ੍ਹ

16. "ਯਮ" (YAMA) ਦੇ ਲੇਖਕ ਕੌਣ ਹਨ ?

(A) ਸੂਰਿਆ ਕਾਂਤ ਤ੍ਰਿਪਾਠੀ
(B) ਸੁਮਿਤਰਾਨੰਦਨ ਪੰਤ
(C) ਮਹਾਂਦੇਵੀ ਵਰਮਾ
(D) ਵੱਤਸਾਇਨ

17. ਹੇਠ ਲਿਖਿਆਂ ਵਿੱਚੋਂ ਬੇਮੇਲ ਨੂੰ ਛਾਂਟੋ -

(A) ਗਾਂਧੀ
(B) ਬੁੱਧ
(C) ਈਸਾ
(D) ਮਹਾਂਵੀਰ

18. ਛੇ ਸੰਖਿਆਵਾਂ ਦੀ ਔਸਤ 30 ਹੈ। ਜੇ ਪਹਿਲੀਆਂ ਚਾਰ ਸੰਖਿਆਵਾਂ ਦੀ ਔਸਤ 25 ਅਤੇ ਅੰਤਮ ਤਿੰਨ ਦੀ ਔਸਤ 35 ਹੋਵੇ ਤਾਂ ਚੌਥੀ ਸੰਖਿਆ ਕਿਹੜੀ ਹੈ ?

(A) 25
(B) 30
(C) 35
(D) 40

19. ਹਰੀ ਕਰਾਂਤੀ ਕਿਸ ਦੀ ਵਧੀ ਹੋਈ ਪੈਦਾਵਾਰ ਨਾਲ ਸਬੰਧਤ ਹੈ ?

(A) ਚਾਹ
(B) ਚੀਨੀ
(C) ਗੇਹੂ
(D) ਚਾਵਲ

20. ਕਿਸੇ ਨਿਸ਼ਚਿਤ ਸੰਕੇਤਕ ਭਾਸ਼ਾ ਵਿੱਚ KIRAN ਨੂੰ JJQBM ਲਿਖਿਆ ਜਾਂਦਾ ਹੈ, ਉਸੇ ਸੰਕੇਤਕ ਭਾਸ਼ਾ ਵਿੱਚ JABED ਨੂੰ ਕਿਸ ਤਰ੍ਹਾਂ ਲਿਖਿਆ ਜਾਵੇਗਾ ?

(A) KBAFC
(B) IBCFC
(C) IBAFC
(D) IBADC

21. ਜੇ 12 ਵਿਅਕਤੀ ਇੱਕ ਖੂਹ ਨੂੰ 20 ਦਿਨਾਂ 'ਚ ਪੁੱਟ ਸਕਦੇ ਹਨ ਤਾਂ 15 ਦਿਨਾਂ ਦੇ ਵਿੱਚ ਇਹ ਖੂਹ ਪੁੱਟਣ ਲਈ ਕਿੰਨੇ ਵਿਅਕਤੀ ਚਾਹੀਦੇ ਹਨ ?

(A) 15
(B) 16
(C) 18
(D) 13

22. ਅੱਗ ਬੁਝਾਉ ਯੰਤਰਾਂ ਵਿੱਚ ਕਿਹੜੀ ਗੈਸ ਵਰਤੀ ਜਾਂਦੀ ਹੈ ?

(A) ਕਾਰਬਨ ਮੋਨੋਆਕਸਾਈਡ

(B) ਨਿਓਨ

(C) ਕਾਰਬਨ ਡਾਈਆਕਸਾਈਡ

(D) ਅਮੋਨੀਆ

23. ਅਰੁਣ ਨੇ ਕਿਹਾ ਕਿ "ਇਹ ਕੁੜੀ ਮੇਰੀ ਮਾਂ ਦੇ ਪੋਤੇ ਦੀ ਪਤਨੀ ਹੈ"। ਅਰੁਣ ਨਾਲ ਕੁੜੀ ਦਾ ਕੀ ਰਿਸ਼ਤਾ ਹੈ ?

(A) ਪਿਤਾ

(B) ਦਾਦਾ

(C) ਪਤੀ

(D) ਸਹੁਰਾ

24. ਦੋ ਨਲਕੇ ਇੱਕ ਟੈਂਕੀ ਨੂੰ ਕ੍ਰਮਵਾਰ 2 ਘੰਟੇ ਅਤੇ 3 ਘੰਟੇ 'ਚ ਭਰ ਸਕਦੇ ਹਨ। ਜੇ ਦੋਵੇਂ ਨਲਕੇ ਇਕੱਠੇ ਖੋਲ੍ਹ ਦਿੱਤੇ ਜਾਣ ਤਾਂ ਟੈਂਕੀ ਭਰਨ ਨੂੰ ਕਿੰਨਾ ਸਮਾਂ ਲੱਗੇਗਾ ?

(A) 2 ਘੰਟੇ 30 ਮਿੰਟ

(B) 5 ਘੰਟੇ

(C) 1 ਘੰਟਾ 12 ਮਿੰਟ

(D) 30 ਮਿੰਟ

25. 22.5 ਮੀਟਰ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ ਚੱਲਣ ਵਾਲੀ ਰੇਲ ਗੱਡੀ 50 ਮਿੰਟ 'ਚ ਕਿੰਨੇ ਕਿਲੋਮੀਟਰ ਦੂਰੀ ਤੈਅ ਕਰੇਗੀ ?

(A) 112.5 ਕਿ.ਮੀ.

(B) 11.25 ਕਿ.ਮੀ.

(C) 56.25 ਕਿ.ਮੀ.

(D) 67.5 ਕਿ.ਮੀ.

26. ਸਟੇਨਲੈਸ ਸਟੀਲ ਕਿਹੜੀਆਂ ਧਾਤਾਂ ਦਾ ਮਿਸ਼ਰਣ (Alloy) ਹੈ ?

(A) ਲੋਹਾ ਅਤੇ ਨਿਕਲ

(B) ਲੋਹਾ ਅਤੇ ਕਰੋਮੀਅਮ

(C) ਲੋਹਾ ਅਤੇ ਜਿਸਤ

(D) ਲੋਹਾ

27. ਤ੍ਰਿਮੂਰਤੀ ਕਿਸ ਨਾਲ ਸਬੰਧਤ ਹੈ ?

(A) ਇਲੋਰਾ

(B) ਅਜੰਤਾ

(C) ਖੁਜਰਾਹੋ

(D) ਐਲੀਫੈਂਟਾ ਗੁਫਾਵਾਂ

28. 49 ਵਿਦਿਆਰਥੀਆਂ ਦੀ ਇੱਕ ਜਮਾਤ ਵਿੱਚ ਕਰੀਮ ਦਾ ਸਥਾਨ ਉਪਰੋਂ 16ਵਾਂ ਹੈ। ਹੇਠੋਂ ਕਰੀਮ ਦਾ ਸਥਾਨ ਕਿਹੜਾ ਹੋਵੇਗਾ?

(A) 32ਵਾਂ

(B) 33 ਵਾਂ

(C) 36ਵਾਂ

(D) ਇਹਨਾਂ ਵਿੱਚੋਂ ਕੋਈ ਨਹੀਂ

29. 270 ਮੀਟਰ ਲੰਬੀ ਰੇਲਗੱਡੀ ਟੈਲੀਫੋਨ ਦੇ ਇੱਕ ਖੰਭੇ ਨੂੰ 18 ਸੈਕਿੰਡ ਵਿੱਚ ਪਾਰ ਕਰ ਜਾਂਦੀ ਹੈ। ਰੇਲ ਗੱਡੀ ਦੀ ਰਫ਼ਤਾਰ ਕਿੰਨੀ ਹੈ ?

(A) 35 ਕਿ.ਮੀ./ਘੰਟਾ
(B) 41 ਕਿ.ਮੀ./ਘੰਟਾ
(C) 45 ਕਿ.ਮੀ./ਘੰਟਾ
(D) 54 ਕਿ.ਮੀ./ਘੰਟਾ

30. ਸਾਂਭਰ ਨਮਕ ਝੀਲ (Sambhar Salt Lake) ਕਿਹੜੇ ਰਾਜ ਵਿੱਚ ਸਥਿਤ ਹੈ ?

(A) ਰਾਜਸਥਾਨ
(B) ਹਿਮਾਚਲ ਪ੍ਰਦੇਸ਼
(C) ਕਰਨਾਟਕ
(D) ਮੱਧ ਪ੍ਰਦੇਸ਼

31. 'ਸੀਸਮੋਗਰਾਫ' ਨਾਲ ਕੀ ਨਾਪਿਆ ਜਾਂਦਾ ਹੈ ?

(A) ਤਾਪਮਾਨ
(B) ਭੂਚਾਲ
(C) ਹਵਾ ਦਾ ਦਬਾਅ
(D) ਰਫ਼ਤਾਰ

32. ਕਿਹੜਾ ਗ੍ਰਹਿ ਘੇਰੇ ਵਾਲਾ ਗ੍ਰਹਿ (Ringed Planet) ਹੈ ?

(A) ਸ਼ਨੀ (Saturn)
(B) ਬ੍ਰਹਸਪਤੀ (Jupiter)
(C) ਮੰਗਲ (Mars)
(D) ਬੁੱਧ (Mercury)

33. ਹੇਠ ਦਿੱਤੇ ਪ੍ਰਸ਼ਨ ਵਿੱਚ ਦਿੱਤੀ ਸੰਖਿਆ ਲੜੀ ਵਿੱਚ ਇੱਕ ਸੰਖਿਆ ਅਸੰਗਤ (odd) ਹੈ। ਉਸ ਨੂੰ ਛਾਂਟੋ।

2, 5, 10, 17, 25, 37

(A) 10
(B) 37
(C) 17
(D) 25

34. ਉਹ ਕਿਹੜੀ ਸੰਖਿਆ ਹੈ ਜਿਸ ਦਾ 20%, 10 ਹੈ ?

(A) 30
(B) 40
(C) 50
(D) 36

35. ਇੱਕ ਕੰਮ ਨੂੰ ਕੁਝ ਆਦਮੀ 100 ਦਿਨਾਂ ਵਿੱਚ ਪੂਰਾ ਕਰ ਸਕਦੇ ਹਨ। ਜੇ 10 ਆਦਮੀ ਘੱਟ ਹੁੰਦੇ ਤਾਂ ਕੰਮ ਪੂਰਾ ਹੋਣ ਵਿੱਚ 10 ਦਿਨ ਵੱਧ ਲਗਦੇ। ਸ਼ੁਰੂ ਵਿੱਚ ਕੁੱਲ ਕਿੰਨੇ ਆਦਮੀ ਸਨ ?

(A) 50
(B) 75
(C) 82
(D) 110

36. ਅਜੰਤਾ ਇਲੋਰਾ ਦੀਆਂ ਗੁਫਾਵਾਂ__________ ਵਿੱਚ ਹਨ।

(A) ਰਾਜਸਥਾਨ (B) ਗੁਜਰਾਤ

(C) ਆਂਧਰਾ ਪ੍ਰਦੇਸ਼ (D) ਮਹਾਰਾਸ਼ਟਰ

37. ਇੱਕ ਮਸ਼ੀਨ 10% ਲਾਭ 'ਤੇ ਵੇਚੀ ਗਈ। ਜੇ ਉਹ ₹40 ਘੱਟ ਤੇ ਵੇਚੀ ਜਾਂਦੀ ਤਾਂ 10% ਹਾਨੀ ਹੋਣੀ ਸੀ। ਮਸ਼ੀਨ ਦਾ ਲਾਗਤ ਮੁੱਲ ਕਿੰਨਾ ਹੈ ?

(A) ₹175 (B) ₹200

(C) ₹225 (D) ₹250

38. ਪਹਿਲੀਆਂ ਏਸ਼ੀਆਈ ਖੇਡਾਂ ਕਿਹੜੇ ਸਾਲ ਵਿੱਚ ਹੋਈਆਂ ਸਨ ?

(A) 1951 (B) 1953

(C) 1954 (D) 1956

39. "ਸਟਿਕ" ਕਿਹੜੀ ਖੇਡ ਨਾਲ ਸੰਬੰਧਤ ਹੈ ?

(A) ਬਿਲੀਅਰਡ (B) ਹਾਕੀ

(C) ਮੁੱਕੇਬਾਜ਼ੀ (D) ਕ੍ਰਿਕੇਟ

40. ਭਾਰਤ ਦੀ ਕੌਮੀ ਖੇਡ ਹੈ :

(A) ਕ੍ਰਿਕੇਟ (B) ਫੁੱਟਬਾਲ

(C) ਹਾਕੀ (D) ਵਾਲੀਬਾਲ

41. ਜਿਸ ਤਰ੍ਹਾਂ **ਫ਼ਿਲਮ** ਦਾ ਸੰਬੰਧ **ਕੈਮਰੇ** ਨਾਲ ਹੈ ਉਸੇ ਤਰ੍ਹਾਂ **ਅੱਖ** ਦਾ ਸੰਬੰਧ ਹੇਠ ਦਿੱਤਿਆਂ ਵਿੱਚੋਂ ਕਿਸ ਨਾਲ ਹੈ ?

(A) ਆਇਰਿਸ (B) ਰੈਟੀਨਾ

(C) ਕੋਰਨੀਆ (D) ਕੋਨ

42. "ਮਲੇਰਿਆ" ਦਾ ਕੀਟਾਣੂ ਕੀ ਹੁੰਦਾ ਹੈ ?

(A) ਵਾਇਰਸ (B) ਬੈਕਟੀਰੀਆ

(C) ਉੱਲੀ (ਫਫੂੰਦ) (D) ਇਹਨਾਂ ਵਿੱਚੋਂ ਕੋਈ ਨਹੀਂ

43. "ਚਿਲਕਾ ਝੀਲ" ਕਿਹੜੇ ਰਾਜ ਵਿੱਚ ਹੈ ?

(A) ਰਾਜਸਥਾਨ
(B) ਉੜੀਸ਼ਾ
(C) ਬਿਹਾਰ
(D) ਮੱਧ ਪ੍ਰਦੇਸ਼

44. ਕਿਸ ਭਾਰਤੀ ਇਸਤਰੀ ਨੂੰ ਸਭ ਤੋਂ ਪਹਿਲਾਂ ਨੋਬੇਲ ਪੁਰਸਕਾਰ ਮਿਲਿਆ ?

(A) ਮਦਰ ਟੈਰੇਸਾ
(B) ਮਾਇਆਵਤੀ
(C) ਮਮਤਾ ਬੈਨਰਜੀ
(D) ਨਰਗਿਸ ਦੱਤ

45. ਮਦਰ ਟੈਰੇਸਾ ਦਾ ਜਨਮ ਕਿੱਥੇ ਹੋਇਆ ਸੀ ?

(A) ਸਵਿਟਜ਼ਰਲੈਂਡ
(B) ਭਾਰਤ
(C) ਜਰਮਨੀ
(D) ਅਲਬਾਨਿਆ

46. ਹੇਠ ਦਿੱਤਿਆਂ ਵਿੱਚੋਂ ਰੂਸ ਦੀ ਸੰਘੀ ਪੁਲਾੜ ਏਜੰਸੀ ਦਾ ਨਾਮ ਕੀ ਹੈ ?

(A) ਰਾਸਕਾਸਮੋਸ
(B) ਕਾਸਮੋਸ
(C) ਰਾਸਮੋਸ
(D) ਕਾਸਮਿਕ

47. ਆਪਣੀ ਦੋਸਤ ਔਰਤ ਦੇ ਕਤਲ ਦੇ ਦੋਸ਼ ਵਿੱਚ ਗ੍ਰਿਫਤਾਰ ਰਨਰ (Runner) ਹੇਠ ਦਿੱਤਿਆਂ ਵਿੱਚੋਂ ਕਿਹੜੇ ਦੇਸ਼ ਦਾ ਹੈ ?

(A) ਜ਼ਿੰਮਾਬਵੇ
(B) ਕੀਨੀਆ
(C) ਨਾਈਜੀਰਿਆ
(D) ਦੱਖਣੀ ਅਫ਼ਰੀਕਾ

48. ਅਮੇਰ ਦਾ ਕਿਲ੍ਹਾ ਕਿੱਥੇ ਸਥਿਤ ਹੈ ?

(A) ਜੈਪੁਰ
(B) ਉਦੈਪੁਰ
(C) ਬੀਕਾਨੇਰ
(D) ਅਲਵਰ

49. ਕਠਪੁਤਲੀ ਕਿਹੜੇ ਰਾਜ ਦਾ ਪ੍ਰਮੁੱਖ ਲੋਕਨ੍ਰਿਤ ਹੈ ?

(A) ਰਾਜਸਥਾਨ
(B) ਪੰਜਾਬ
(C) ਉੱਤਰ ਪ੍ਰਦੇਸ਼
(D) ਹਰਿਆਣਾ

50. ਸਰਿਸਕਾ ਜੰਗਲੀ ਜੀਵ ਰੱਖ ਕਿੱਥੇ ਸਥਿਤ ਹੈ ?

(A) ਜੈਪੁਰ
(B) ਉਦੈਪੁਰ
(C) ਅਜਮੇਰ
(D) ਅਲਵਰ

51. ਉਸ ਸ਼ਬਦ ਜੋੜੇ ਨੂੰ ਚੁਣੋ ਜੋ ਆਪਸ ਵਿੱਚ ਉਸੇ ਤਰ੍ਹਾਂ ਸੰਬੰਧਤ ਹੋਵੇ ਜਿਵੇਂ ਦਿੱਤੇ ਗਏ ਸ਼ਬ ਜੋੜੇ ਦਾ ਆਪਸੀ ਸੰਬੰਧ ਹੈ ।

ਨਿਮਰਤਾ : ਘੁਮੰਡ : : ?

(A) ਸਥੂਲ : ਮੋਟਾ
(B) ਸੈਨਿਕ : ਸੋਨਾ
(C) ਚਿਲਾਉਣਾ : ਬੋਲਣਾ
(D) ਕਮਜ਼ੋਰੀ : ਸ਼ਕਤੀ

ਨਿਰਦੇਸ਼ : ਪ੍ਰਸ਼ਨ ਨੰ. 52 ਅਤੇ ਪ੍ਰਸ਼ਨ ਨੰ. 53 ਲਈ : ਇਹਨਾਂ ਪ੍ਰਸ਼ਨਾਂ ਵਿੱਚ ਤਿੰਨ ਸ਼ਬ ਦਿੱਤੇ ਗਏ ਹਨ। : : ਦੇ ਖੱਬੇ ਪਾਸੇ ਦਿੱਤੇ ਦੋ ਸ਼ਬਦਾਂ ਵਿਚਕਾਰ ਕੋਈ ਨਾ ਕੋਈ ਸਬੰਧ ਹੈ। ਦਿੱਤੇ ਗਏ ਵਿਕਲਪਾਂ ਵਿੱਚੋਂ ਉਸ ਸ਼ਬਦ ਦੀ ਚੋਣ ਕਰੋ ਜਿਸਦਾ : : ਦੇ ਸੱਜੇ ਪਾਸੇ ਦਿੱਤੇ ਗਏ ਸ਼ਬਦ ਨਾਲ ਉਸੇ ਤਰ੍ਹਾਂ ਦਾ ਸਬੰਧ ਹੋਵੇ।

52. ਗਸ਼ਤ : ਸੁਰੱਖਿਆ : : ਬੀਮਾ : ?

(A) ਧਨ
(B) ਸੁਰਖਿਆ
(C) ਪਾਲਿਸੀ
(D) ਵਿੱਤ

53. ਕਾਰ : ਗੈਰੇਜ : : ਹਵਾਈ ਜਹਾਜ਼ : ?

(A) ਪੱਤਣ
(B) ਡਿਪੋ
(C) ਹੈਂਗਰ
(D) ਬੰਦਰਗਾਹ

54. ਸੂਰਜ ਤੋਂ ਧਰਤੀ ਦੀ ਦੂਰੀ 93.15 ਮਿਲੀਅਨ ਮੀਲ ਹੈ। ਜੇ ਪ੍ਰਕਾਸ਼ ਦੀ ਗਤੀ 18630 ਮੀਲ ਪ੍ਰਤੀ ਸੈਕਿੰਡ ਹੈ ਤਾਂ ਸੂਰਜ ਤੋਂ ਧਰਤੀ ਤੱਕ ਪ੍ਰਕਾਸ਼ ਆਉਣ 'ਚ ਕਿੰਨਾ ਸਮਾਂ ਲੱਗੇਗਾ ?

(A) 0.0005 ਸੈਕਿੰਡ
(B) 0.05 ਸੈਕਿੰਡ
(C) 5 ਸੈਕਿੰਡ
(D) 500 ਸੈਕਿੰਡ

55. ਇੱਕ ਵਿਅਕਤੀ ਨੇ ਇੱਕ ਘੜੀ ਖਰੀਦੀ ਜਿਸ ਦਾ ਅੰਕਿਤ ਮੁੱਲ ₹400 ਸੀ। ਉਸ ਨੂੰ ਇੱਕ ਤੋ ਬਾਅਦ ਇੱਕ ਕ੍ਰਮਵਾਰ 15% ਅਤੇ 10% ਦੀ ਛੋਟ ਮਿਲੀ। ਉਸ ਨੂੰ ਘੜੀ ਦੇ ਕਿੰਨੇ ਪੈਸੇ ਦੇਣੇ ਪਏ ?

(A) ₹360
(B) ₹350
(C) ₹316
(D) ₹306

56. ਇੱਕ 70 ਲਿਟਰ ਸ਼ਰਾਬ ਅਤੇ ਪਾਣੀ ਦੇ ਮਿਸ਼ਰਣ ਵਿੱਚ 10% ਪਾਣੀ ਹੈ। ਇਸ ਵਿੱਚ ਹੋਰ ਕਿੰਨਾ ਪਾਣੀ ਮਿਲਾਇਆ ਜਾਵੇ ਕਿ ਕੁੱਲ ਮਿਸ਼ਰਣ ਵਿੱਚ 12½ % ਪਾਣੀ ਹੋ ਜਾਵੇ ?

(A) 1 ਲੀਟਰ
(B) 2 ਲੀਟਰ
(C) 5 ਲੀਟਰ
(D) 9 ਲੀਟਰ

57. ਖ਼ੂਨ ਦਾ ਗਤਲਾ (clot) ਬਣਾਉਣ ਵਿੱਚ ਕਿਹੜਾ ਵਿਟਾਮਿਨ ਜ਼ਿੰਮੇਵਾਰ ਹੈ ?

(A) A
(B) B
(C) K
(D) E

58. ਵਿਟਾਮਿਨ 'A' ਦਾ ਸਭ ਤੋਂ ਉੱਤਮ ਸਰੋਤ ਕਿਹੜਾ ਹੈ ?

(A) ਨਿੰਬੂ
(B) ਆਉਲਾ (ਆਮਲਾ)
(C) ਅੰਗੂਰ
(D) ਗਾਜਰ

59. ਹੇਠਾਂ ਦਿੱਤੇ ਗਏ ਪ੍ਰਸ਼ਨ ਵਿੱਚ ਪ੍ਰਸ਼ਨ ਚਿੰਨ੍ਹ (?) ਦੀ ਥਾਂ ਕੀ ਆਵੇਗਾ ?

15 : 225 : : 35 : ?

(A) 1225
(B) 575
(C) 1325
(D) 1125

60. 0.17 x 0.19 = ?

(A) 0.3230
(B) 3.230
(C) 0.00323
(D) 0.0323

61. ਤਾਂਬੇ ਦੀਆਂ ਖਾਣਾ ਇਹਨਾਂ ਵਿੱਚੋਂ ਕਿਸ ਸਥਾਨ ਤੇ ਸਥਿਤ ਹਨ ?

(A) ਕਰਨਪੁਰ
(B) ਖੇਤਰੀ
(C) ਪਾਲਾਮਊ
(D) ਰਾਮਗਿਰੀ

62. ਦਿੱਤੀ ਗਈ ਸ਼੍ਰੇਣੀ ਵਿੱਚ ਅਗਲਾ ਅੰਕ ਕੀ ਹੋਵੇਗਾ ?

4, 9, 20, 43, ?

(A) 133
(B) 90
(C) 96
(D) 86

63. ਕਿਹੜਾ ਸ਼ਹਿਰ ਅਲਕਨੰਦਾ ਨਦੀ ਦੇ ਕਿਨਾਰੇ ਵਸਿਆ ਹੋਇਆ ਹੈ ?

(A) ਬਦਰੀਨਾਥ
(B) ਕੇਦਾਰਨਾਥ
(C) ਮਥੁਰਾ
(D) ਅਯੁਧਿਆ

64. ਇੱਕ ਸਮਾਗਮ ਵਿੱਚ ਮਰਦਾਂ ਅਤੇ ਔਰਤਾਂ ਦੀ ਗਿਣਤੀ 1:2 ਦੇ ਅਨੁਪਾਤ ਵਿੱਚ ਸੀ ਪਰ ਦੋ ਔਰਤਾਂ ਅਤੇ 2 ਮਰਦਾਂ ਦੇ ਜਾਣ ਨਾਲ ਅਨੁਪਾਤ 1:3 ਹੋ ਜਾਂਦਾ ਹੈ। ਸਮਾਗਮ ਵਿੱਚ ਸ਼ੁਰੂ ਵਿੱਚ ਕਿੰਨੇ ਲੋਕ ਹਨ ?

(A) 36
(B) 24
(C) 18
(D) 12

65. 5 + 16 ÷ 8 ਕਿਸ ਦੇ ਬਰਾਬਰ ਹੈ।

(A) 2.625
(B) 7
(C) 8
(D) 10

66. 'ਬੁਣਕਰਾਂ (ਖੱਡੀਆਂ) ਦਾ ਸ਼ਹਿਰ' ਕਿਸ ਦਾ ਭੂਗੋਲਿਕ ਉਪ ਨਾਮ ਹੈ ?

(A) ਪਾਨੀਪਤ
(B) ਲੁਧਿਆਣਾ
(C) ਅੰਬਾਲਾ
(D) ਫਿਰੋਜ਼ਪੁਰ

67. "ਇਲੈਕਟਰਾਨਿਕ ਸ਼ਹਿਰ" ਕਿਸ ਦਾ ਭੂਗੋਲਿਕ ਉਪ ਨਾਮ ਹੈ ?

(A) ਬੰਗਲੁਰੂ
(B) ਪੂਨਾ
(C) ਦਿੱਲੀ
(D) ਜੈਪੁਰ

68. A ਨੇ ਇੱਕ ਮਕਾਨ B ਨੂੰ 10% ਲਾਭ ਅਤੇ B ਨੇ C ਨੂੰ 10% ਹਾਨੀ ਤੇ ਵੇਚਿਆ। ਜੇ C ਮਕਾਨ ਲਈ ₹980100 ਦਿੰਦਾ ਹੈ ਤਾਂ A ਨੂੰ ਇਹ ਮਕਾਨ ਕਿੰਨੇ ਦਾ ਮਿਲਿਆ।

(A) ₹900000
(B) ₹970299
(C) ₹980100
(D) ₹990000

69. ਹੇਠ ਦਿੱਤੇ ਪ੍ਰਸ਼ਨ ਵਿੱਚ ਜਿਹੜਾ ਇੱਕ ਬਾਕੀ ਦੇ ਤਿੰਨਾਂ ਨਾਲ ਮੇਲ ਨਹੀਂ ਖਾਂਦਾ ਉਸ ਦਾ ਪਤਾ ਲਗਾਓ।

ਸਾਹ ਲੈਣਾ, ਤੈਰਨਾ, ਨੱਚਣਾ, ਖੇਡਣਾ

(A) ਸਾਹ ਲੈਣਾ
(B) ਤੈਰਨਾ
(C) ਨੱਚਣਾ
(D) ਖੇਡਣਾ

70. ਭਾਰਤ ਦਾ ਰਾਸ਼ਟਰੀ ਪੰਛੀ ਕਿਹੜਾ ਹੈ ?

(A) ਮੋਰ
(B) ਕਬੂਤਰ
(C) ਤੋਤਾ
(D) ਚਿੜੀ

71. ਹੇਲੀ ਪੂਛਲ ਤਾਰਾ (Halley's comet) ਪਿਛਲੀ ਵਾਰ ਕਦੋਂ ਵੇਖਿਆ ਗਿਆ ?

(A) 1986
(B) 1996
(C) 2006
(D) 2010

72. ਇੱਕ ਸੋਫਾ ₹19800/- ਵਿੱਚ ਵੇਚਣ ਤੇ ਇੱਕ ਵਿਅਕਤੀ ਨੂੰ 10% ਲਾਭ ਹੁੰਦਾ ਹੈ। ਇਸ ਦਾ ਲਾਗਤ ਮੁੱਲ ਕਿੰਨਾ ਹੈ ?

(A) ₹17820
(B) ₹21780
(C) ₹18000
(D) ਇਹਨਾਂ ਵਿੱਚੋਂ ਕੋਈ ਨਹੀਂ

73. ਭਾਬਾ ਪ੍ਰਮਾਣੂ ਕੇਂਦਰ ਕਿੱਥੇ ਸਥਿਤ ਹੈ ?

(A) ਮੁੰਬਈ
(B) ਕੋਟਾ
(C) ਪੂਨਾ
(D) ਬੰਗਲੁਰੂ

74. ਰਾਏਗੜ੍ਹ ਕਿਲ੍ਹਾ ਕਿਸ ਇਤਿਹਾਸਕ ਵਿਅਕਤੀ ਨਾਲ ਸੰਬੰਧਤ ਹੈ ?

(A) ਰਾਣਾ ਪ੍ਰਤਾਪ
(B) ਸ਼ਿਵਾਜੀ
(C) ਅਕਬਰ
(D) ਮੁਹੰਮਦ ਤੁਗਲਕ

75. 'ਭਾਰਤ ਦੇ ਲੋਹ ਪੁਰਸ਼' ਦੇ ਨਾਂ ਨਾਲ ਕੌਣ ਜਾਣੇ ਜਾਂਦੇ ਹਨ?

(A) ਸਰਦਾਰ ਪਟੇਲ
(B) ਜਵਾਹਰ ਲਾਲ ਨਹਿਰੂ
(C) ਲਾਲ ਬਹਾਦਰ ਸ਼ਾਸਤਰੀ
(D) ਰਾਜੀਵ ਗਾਂਧੀ

76. ਜਾਪਾਨ ਦੀ ਰਾਸ਼ਟਰੀ ਕਰੰਸੀ ਕਿਹੜੀ ਹੈ ?

(A) ਡਾਲਰ
(B) ਯੂਰੋ
(C) ਰਿਆਲ
(D) ਯੇਨ

77. ਓਰਨੀਥੋਲੋਜੀ (Ornithology)............ ਦਾ ਵਿਗਿਆਨ ਹੈ।

(A) ਪੰਛੀਆਂ
(B) ਜਲ ਜੀਵਾਂ
(C) ਫਾਸਿਲ (Fossils)
(D) ਰੇਸ਼ਮ ਦੇ ਕੀੜੇ

78. ਮੇਘਦੂਤ ਦੇ ਲੇਖਕ ਕੌਣ ਹਨ ?

(A) ਤੁਲਸੀ ਦਾਸ
(B) ਕਾਲੀਦਾਸ
(C) ਰਸਖਾਨ
(D) ਕਬੀਰ

79. ਹੇਠ ਦਿੱਤਿਆਂ ਵਿੱਚੋਂ ਆਂਧਰਾ ਪ੍ਰਦੇਸ਼ ਦਾ ਲੋਕ ਪ੍ਰਿਯਾ ਨ੍ਰਿਤ ਕਿਹੜਾ ਹੈ ?

(A) ਕੱਥਕ
(B) ਕੱਥਕ ਕਲੀ (Kathakali)
(C) ਯਕਸ਼ਗਾਨ
(D) ਕੁਚੀਪੁੜੀ

80. ਜੇ 438 ਸੰਤਰਿਆਂ ਦਾ ਮੁੱਲ ₹1384.08 ਹੈ ਤਾਂ 8 ਦਰਜਨ ਸੰਤਰਿਆਂ ਦਾ ਮੁੱਲ ਲਗਭਗ ਕਿੰਨੇ ਰੁਪਏ ਹੋਵੇਗਾ ?

(A) ₹403.36
(B) ₹303.36
(C) ₹400
(D) ₹503.36

81. ਤਿੰਨ ਅੰਕਾਂ ਦੀ ਸਭ ਤੋਂ ਵੱਡੀ ਸੰਖਿਆ ਕਿਹੜੀ ਹੋਵੇਗੀ ਜੋ 3, 4, 5 ਤੇ 8 ਨਾਲ ਪੂਰੀ ਤ੍ਰ
ਵੰਡੀ ਜਾਵੇ।

(A) 980 (B) 970
(C) 960 (D) 930

82. ਭਾਰਤ ਵਿੱਚ ਪਹਿਲੀ ਪੰਜ ਸਾਲਾ ਯੋਜਨਾ ਕਦੋਂ ਸ਼ੁਰੂ ਹੋਈ ?

(A) 1950 (B) 1951
(C) 1952 (D) 1953

83. ਬੋਧੀਆਂ (Buddhist) ਦਾ ਪ੍ਰਸਿੱਧ ਤੀਰਥ ਸਥਾਨ ਕੁਸ਼ੀਨਗਰ ਕਿਹੜੇ ਰਾਜ ਵਿੱਚ ਹੈ ?

(A) ਬਿਹਾਰ (B) ਉੱਤਰ ਪ੍ਰਦੇਸ਼
(C) ਮੱਧ ਪ੍ਰਦੇਸ਼ (D) ਓਡੀਸ਼ਾ

84. ਇੱਕ ਡੀਲਰ ਕਿਸੇ ਚੀਜ਼ ਨੂੰ ਲਾਗਤ ਮੁੱਲ ਤੇ ਵੇਚਣ ਦਾ ਦਾਅਵਾ ਕਰਕੇ ਇੱਕ ਕਿਲੋ ਵੱਟੇ ਦ
ਥਾਂ 900 ਗਰਾਮ ਦੇ ਵੱਟੇ ਦੀ ਵਰਤੋਂ ਕਰਦਾ ਹੈ। ਉਸ ਦਾ ਲਾਭ ਪ੍ਰਤੀਸ਼ਤ ਦੱਸੋ।

(A) 0.9 (B) 9
(C) 10 (D) $11^1/_9$

85. ਇੱਕ ਵਿਅਕਤੀ ਨੇ ₹200 ਵਿੱਚ ਇੱਕ ਘੋੜਾ ਖਰੀਦਿਆ ਅਤੇ ₹250 ਵਿੱਚ ਵੇਚ ਦਿੱਤਾ। ਉਸ
ਦਾ ਲਾਭ ਪ੍ਰਤੀਸ਼ਤ ਦੱਸੋ।

(A) 15 (B) 25
(C) 20 (D) 50

86. ਟੀਪੂ ਸੁਲਤਾਨ __________ ਦਾ ਸ਼ਾਸਕ ਸੀ ?

(A) ਹੈਦਰਾਬਾਦ (B) ਅਹਿਮਦਨਗਰ
(C) ਮੈਸੂਰ (D) ਅਹਿਮਦਾਬਾਦ

87. ਹੇਠਾਂ ਦਿੱਤੇ ਗਏ ਅੱਖਰ ਸਮੂਹਾਂ ਵਿੱਚੋਂ ਕੋਈ ਇੱਕ ਬਾਕੀ ਤਿੰਨਾਂ ਨਾਲੋਂ ਅਲੱਗ ਹੈ। ਉਸ ਬੇਮੇਲ
ਅੱਖਰ ਸਮੂਹ ਦਾ ਪਤਾ ਲਗਾਓ।

(A) ACXY (B) DFUW
(C) EGTV (D) BDYZ

88. 20% ਸ਼ੁਧਤਾ ਵਾਲੇ 5 ਲਿਟਰ ਸਲਫਿਊਰਿਕ ਐਸਿਡ ਵਿੱਚ 100% ਸ਼ੁਧਤਾ ਵਾਲਾ 5 ਲਿਟਰ ਸਲਫਿਊਰਿਕ ਐਸਿਡ ਮਿਲਾਇਆ ਜਾਵੇ ਤਾਂ ਘੋਲ ਵਿੱਚ ਐਸਿਡ ਦੀ ਸ਼ੁਧਤਾ ਕਿੰਨੀ ਹੋ ਜਾਵੇਗੀ?

(A) 50%
(B) 52.5%
(C) 57.5%
(D) 60%

89. ਇੱਕ ਵਿਅਕਤੀ ਕਿਸੇ ਸੰਪਤੀ ਵਿੱਚ ਆਪਣੇ $\frac{3}{5}$ ਹਿੱਸੇ ਵਿੱਚੋਂ $\frac{2}{5}$ ਹਿੱਸੇ ਨੂੰ ₹12000/- ਵਿੱਚ ਵੇਚਦਾ ਹੈ। ਉਸ ਦੀ ਸੰਪਤੀ ਦੀ ਕੁੱਲ ਕੀਮਤ ਦੱਸੋ ?

(A) ₹20000
(B) ₹25000
(C) ₹40000
(D) ₹50000

90. ਭੋਜਨ ਦੀ ਊਰਜਾ.............. ਵਿੱਚ ਗਿਣੀ ਜਾਂਦੀ ਹੈ ?

(A) ਕੈਲੋਰੀ
(B) ਕਿਲੋਗ੍ਰਾਮ
(C) ਮੀਟਰ
(D) ਯਾਰਡ

91. ਵੀਅਤਨਾਮ ਦੀ ਰਾਜਧਾਨੀ ਕਿਹੜੀ ਹੈ ?

(A) ਟੋਕੀਓ
(B) ਜਨੇਵਾ
(C) ਰੋਮ
(D) ਹਨੋਈ

92. ਦਿੱਤੇ ਗਏ ਵਿਕਲਪਾਂ ਵਿੱਚੋਂ ਪ੍ਰਸ਼ਨ ਚਿੰਨ੍ਹ (?) ਦੀ ਥਾਂ ਆਉਣ ਵਾਲੀ ਸੰਖਿਆ ਦਾ ਪਤਾ ਲਗਾਓ?

15, 31, 64, 131, ?

(A) 266
(B) 256
(C) 196
(D) 524

93. ਲੜੀ ਦੀ ਅਗਲੀ ਸੰਖਿਆ ਦਾ ਪਤਾ ਲਗਾਓ ਜੋ ਪ੍ਰਸ਼ਨ ਚਿੰਨ੍ਹ (?) ਦੀ ਥਾਂ ਲਵੇ-

36, 40, 48, 60, 76, ?

(A) 92
(B) 94
(C) 96
(D) 98

94. ਇੱਕ ਕਸਬੇ ਦੀ ਆਬਾਦੀ 10000 ਹੈ। ਜੇ ਮਰਦ 5% ਅਤੇ ਔਰਤਾਂ 6% ਦੀ ਦਰ ਨਾਲ ਵਧਦੀਆਂ ਹਨ ਤਾਂ ਆਬਾਦੀ 10540 ਹੋ ਜਾਵੇਗੀ। ਕਸਬੇ ਵਿੱਚ ਕੁਲ ਕਿੰਨੀਆਂ ਔਰਤਾਂ ਹਨ?

(A) 3000
(B) 3500
(C) 4000
(D) 4500

95. ਇੱਕ ਦੁਕਾਨਦਾਰ ਨੇ 2 ਰੇਡੀਓ ₹396 ਪ੍ਰਤੀ ਰੇਡੀਓ ਦੇ ਹਿਸਾਬ ਨਾਲ ਵੇਚੇ। ਉਸ ਨੂੰ ਇੱਕ ਉਪਰ 10% ਲਾਭ ਹੋਇਆ ਅਤੇ ਦੂਜੇ ਉੱਪਰ 10% ਹਾਨੀ ਹੋਈ। ਹੇਠ ਦਿੱਤਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ?

(A) ਨਾ ਲਾਭ ਹੋਇਆ ਨਾ ਹਾਨੀ
(B) 1% ਹਾਨੀ ਹੋਈ
(C) 1% ਲਾਭ ਹੋਇਆ
(D) 8% ਲਾਭ ਹੋਇਆ

96. ਅਰੁਣਾਚਲ ਪ੍ਰਦੇਸ਼ ਦੀ ਰਾਜਧਾਨੀ ਕਿਹੜੀ ਹੈ ?

(A) ਈਟਾ ਨਗਰ
(B) ਦਿਸਪੁਰ
(C) ਗੁਵਾਹਾਟੀ
(D) ਕੋਹੀਮਾ

97. ਜਦ ਤੁਸੀਂ ਟਮਾਟਰ ਖਾਂਦੇ ਹੋ ਤਾਂ ਉਸ ਦਾ ਕਿਹੜਾ ਭਾਗ ਖਾਂਦੇ ਹੋ?

(A) ਜੜ੍ਹ
(B) ਤਣਾ
(C) ਪੱਤਾ
(D) ਫ਼ਲ

98. ਲੜੀ ਨੂੰ ਪੂਰਾ ਕਰੋ -

10, 20, 80, 480, 3840, ------

(A) 5840
(B) 38400
(C) 38600
(D) 35600

99. ਹੇਠ ਦਿੱਤੀ ਲੜੀ ਵਿੱਚੋਂ ਅਸੰਗਤ (?) ਸੰਖਿਆ ਛਾਂਟੋ।

6, 13, 22, 33, 46, 60

(A) 13
(B) 60
(C) 33
(D) 46

100. ਇੱਕ ਕਾਲਿਜ਼ ਦੇ 40% ਵਿਦਿਆਰਥੀ ਮਹਾਂਰਾਸ਼ਟਰ ਵਿੱਚੋਂ ਹਨ ਅਤੇ ਉਹਨਾਂ ਵਿੱਚੋਂ 40% ਵਿਦਿਆਰਥੀ ਮੁੰਬਈ ਤੋਂ ਹਨ। ਕਾਲਿਜ ਦੇ ਕਿੰਨੇ ਪ੍ਰਤੀਸ਼ਤ ਵਿਦਿਆਰਥੀ ਮੁੰਬਈ ਤੋਂ ਹਨ ?

(A) 80
(B) 16
(C) 12
(D) 8